A`qvwd dy mu`dy qy bihs hoeI
pYdw krn leI kOx zuMmyvwr mIAW
AwzwdI dI lVweI nUM ijhVy A`qvwd kihMdy
auh qW bMdy ny bVy m`kwr mIAW
suKdIp isMGw ieh dyx sI ibprW dI
zuMmyvwr sI ihMd srkwr mIAW

ਖਾੜਕੂ ਲਹਿਰ ਦਾ ਜਨਮ

ਛੱਡੋ ਮੋਹ ਪਰਿਵਾਰਾਂ ਦੇ ਖਾਲਸਾ ਜੀ

ਘੇਰਿਆ ਦੁੱਖਾਂ ਨੇ ਪੰਥ ਪਰਿਵਾਰ ਨੂੰ ਅੱਜ

ਸਿਰ ਅੱਜ ਤੋਂ ਕੌਮ ਨੂੰ ਸੌਂਪ ਦੇਈਏ

ਨਿਭਾਈਏ 'ਪੰਜ ਪਿਆਰਿਆਂ' ਨਾਲ ਕੀਤੇ ਇਕਰਾਰ ਨੂੰ ਅੱਜ

ਬਾਜ਼ਾਂ ਵਾਲੇ ਨੇ ਬਖਸ਼ੀ ਜੋ ਖਾਲਸੇ ਨੂੰ

ਆਪਾਂ ਚੁੱਕੀਏ ਉਸ ਤਲਵਾਰ ਨੂੰ ਅੱਜ

ਪੁੱਤ ਬਾਗੀਆਂ ਦੇ ਅਸੀਂ 'ਸੁਖਦੀਪ ਸਿੰਘਾ'

ਬਾਗੀ ਬਣਕੇ ਦਿਖਾਈਏ ਸਰਕਾਰ ਨੂੰ ਅੱਜ

ਬੜੇ ਚਿਰਾਂ ਤੋਂ ਸ਼ਾਂਤ ਚਿਤ ਅਸੀਂ ਬੈਠੇ

ਕੀਤੀ ਵੈਰੀਆਂ ਨੇ ਸ਼ਾਂਤੀ ਭੰਗ ਸਾਡੀ

ਅਸੀਂ ਘਰ ਪਰਿਵਾਰ ਸਭ ਵਾਰ ਦੇਣੇ

ਸਿੰਘੋ ਪੰਥ ਨੂੰ ਅੱਜ ਹੈ ਮੰਗ ਸਾਡੀ

ਅਸੀਂ ਲਹਿਰ ਸ਼ਹੀਦਾਂ ਦੀ ਸਿਰਜ ਦਿੱਤੀ

ਟੁੱਟੀ ਮਰਨ ਦੀ ਜਦੋਂ ਵੀ ਸੰਗ ਸਾਡੀ

ਕਰ ਲੋ ਤਿਆਰੀਆਂ ਸਾਰੇ 'ਸੁਖਦੀਪ ਸਿੰਘਾ'
ਅੱਜ ਤੋਂ ਹਿੰਦ ਸਰਕਾਰ ਨਾਲ ਜੰਗ ਸਾਡੀ

ਗੁਰੂ ਦਸਮੇਸ਼ ਬਾਗੀ, ਨਲੂਆ ਵੀਰ ਬਾਗੀ

ਸਾਡਾ ਬਾਗੀ ਹੈ ਪੰਥ ਪਰਿਵਾਰ ਸਿੰਘੋ

ਸਾਡਾ ਖੂਨ ਬਾਗੀ, ਸਾਡੀ ਜਾਤ ਬਾਗੀ

ਸਾਡਾ ਬਾਗੀਆਂ ਦੇ ਨਾਲ ਵਿਹਾਰ ਸਿੰਘੋ

ਬਾਗੀ ਨਾਮ ਸਾਡਾ, ਜੰਮੇ ਬਾਗੀਆ ਦੇ

ਸਾਡਾ ਬਾਗੀਆਂ ਦੇ ਨਾਲ ਪਿਆਰ ਸਿੰਘੋ

ਊਧਮ ਸਿੰਘ ਬਾਗੀ, ਭਗਤ ਸਿੰਘ ਬਾਗੀ

ਸਾਡਾ ਬਾਗੀ ਸੀ ਸਰਾਭਾ ਸਰਦਾਰ ਸਿੰਘੋ

ਅਸੀਂ ਰਾਜੇ ਜਾਂ ਬਾਗੀ 'ਸੁਖਦੀਪ ਸਿੰਘਾ'

ਕੰਬੇਗੀ ਬਾਗੀਆਂ ਤੋਂ ਹੁਣ ਸਰਕਾਰ ਸਿੰਘੋ

ਲਿਖੀ ਰਾਂਝੇ ਦੇ ਭਾਗਾਂ ਵਿਚ ਹੀਰ ਕਹਿੰਦੇ

ਸਾਡੀ ਕਿਸਮਤ ਵਿਚ ਕਿਉਂ ਜੰਜ਼ੀਰ ਸਿੰਘੋ

ਸਿੰਘਾਂ ਵਾਸਤੇ ਗਾਲ ਗ਼ੁਲਾਮ ਹੋਣਾ

ਕੰਨ੍ਹ ਲਾ ਕੇ ਸੁਣੋ ਤਕਰੀਰ ਸਿੰਘੋ

ਮਾਣ ਨਾਲ ਕਿਹਾ ਸੀ ਕਦੇ ਕਲਗੀਧਰ ਨੇ

ਖਾਲਸਾ ਜਿਊਂਦਾ ਹੈ ਅਜੇ ਸੂਰਬੀਰ ਸਿੰਘੋ

ਹੱਥੀਂ ਲਿਖਾਂਗੇ ਲੇਖ 'ਸੁਖਦੀਪ ਸਿੰਘਾ'
ਸਾਡੇ ਵੱਲ ਹੈ ਉੱਚ ਦਾ ਪੀਰ ਸਿੰਘੋ

Sukhdeep Singh Barnala
E-mail:baagee@yahoo.com
Mob:0091 9878686684